# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 22 ਜੁਲਾਈ 2026 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪਟਿਆਲਾ ਵਿੱਚ ਆਰਟੀਏ ਦੀ ਵਿਸ਼ੇਸ਼ ਚੈਕਿੰਗ, 28 ਵਾਹਨਾਂ ਦੇ ₹7.82 ਲੱਖ ਦੇ ਚਲਾਨ

### ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾ ਕਰਨ ਵਾਲਿਆਂ 'ਤੇ ਹੋਵੇਗੀ ਕਾਰਵਾਈ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 22 ਜੁਲਾਈ : ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਕੱਤਰ, ਆਰ.ਟੀ.ਏ ਵਲੋਂ ਮਿਤੀ 21 ਜੁਲਾਈ ਨੂੰ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।ਇਸ ਮੁਹਿੰਮ ਦੌਰਾਨ ਸੜਕ ਤੇ ਚਲਦੇ ਪਾਏ ਗਏ ਵਾਹਨਾਂ ਦੀ ਚੈਕਿੰਗ ਕੀਤੀ ਗਈ ਅਤੇ ਇਸ ਮੁਹਿੰਮ ਦੌਰਾਨ ਮੋਟਰ ਵਹੀਕਲ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਖਿਲਾਫ਼ ਸਖ਼ਤ ਕਾਰਵਾਈ ਕਰਦੇ ਹੋਏ ਕੁੱਲ 28 ਚਲਾਨ ਕੀਤੇ ਗਏ, ਜਿਨ੍ਹਾਂ ਚਲਾਨਾਂ ਦੀ ਕੁੱਲ ਰਕਮ ₹ 7,82,500 ਬਣਦੀ ਹੈ।ਸਕੱਤਰ, ਆਰ.ਟੀ.ਏ/ਆਰ.ਟੀ.ਓ ਦਾ ਚਾਰਜ ਲੈਣ ਦੀ ਮਿਤੀ 23.02.2026 ਤੋਂ ਮਿਤੀ 21.07.2026 ਤੱਕ ਕੁਲ ਰਕਮ 2,97,00,111/— ਦੇ 939 ਚਲਾਨ ਕੀਤੇ ਗਏ।

ਰਿਜਨਲ ਟਰਾਂਸਪੋਰਟ ਅਥਾਰਟੀ ਵੱਲੋਂ ਸਮੂਹ ਵਾਹਨ ਚਾਲਕਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੇ ਵਹੀਕਲ ਦੇ ਸਮੂਹ ਦਸਤਾਵੇਜ਼ (ਰਜਿਸਟਰੇਸ਼ਨ ਸਰਟੀਫਿਕੇਟ, ਫਿਟਨੈਸ ਸਰਟੀਫਿਕੇਟ, ਡਰਾਈਵਿੰਗ ਲਾਇਸੈਂਸ, ਵੈਧ ਬੀਮਾ, ਪ੍ਰਦੂਸ਼ਣ ਸਰਟੀਫਿਕੇਟ, ਪਰਮਿਟ, ਟੈਕਸ ਆਦਿ) ਅਪ—ਟੂ—ਡੇਟ ਰੱਖਣ।ਬਿਨ੍ਹਾਂ ਦਸਤਾਵੇਜਾਂ ਅਤੇ ਮੋਟਰ ਵਹੀਕਲ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵਾਹਨ ਚਾਲਕਾਂ ਖਿਲਾਫ ਮੋਟਰ ਵਹੀਕਲ ਐਕਟ ਤਹਿਤ ਬਣਦੀ ਕਾਰਵਾਈ ਭਵਿੱਖ ਵਿੱਚ ਵੀ ਜਾਰੀ ਰਹੇਗੀ।ਸਮੂਹ ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜਾਰੀ ਦਿਸ਼ਾ—ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਆਪਣੀ ਬੱਸ ਨਾਲ ਸਬੰਧਤ ਸਮੂਹ ਦਸਤਾਵੇਜ਼ (ਰਜਿਸਟਰੇਸ਼ਨ ਸਰਟੀਫਿਕੇਟ, ਫਿਟਨੈਸ ਸਰਟੀਫਿਕੇਟ, ਡਰਾਈਵਿੰਗ ਲਾਇਸੈਂਸ, ਵੈਲਿਡ ਬੀਮਾ, ਪ੍ਰਦੂਸ਼ਣ ਸਰਟੀਫਿਕੇਟ, ਪਰਮਿਟ, ਟੈਕਸ ਆਦਿ) ਅਪਟੂਡੇਟ ਰੱਖਣ ਅਤੇ ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾ ਪਾਏ ਜਾਣ ਤੇ ਉਨ੍ਹਾਂ ਖਿਲਾਫ ਮੋਟਰ ਵਹੀਕਲ ਐਕਟ ਤਹਿਤ ਕਾਰਵਾਈ ਅਮਲ ਵਿੱਚ ਲਿਆਉਂਦੀ ਜਾਵੇਗੀ।

ਇਸ ਤੋਂ ਇਲਾਵਾ ਰਿਜਨਲ ਟਰਾਂਸਪੋਰਟ ਅਥਾਰਟੀ ਨੇ ਸਾਰੇ ਮਾਪਿਆਂ ਦੇ ਧਿਆਨ ਵਿੱਚ ਵੀ ਲਿਆਂਦਾ ਕਿ ਉਹ ਆਪਣੇ ਬੱਚਿਆ ਨੂੰ ਆਟੋ-ਰਿਕਸ਼ਾ, ਰਿਕਸ਼ਾ ਜਾਂ ਹੋਰ ਅਣ-ਅਧਿਕਾਰਤ ਵਾਹਨਾਂ ਰਾਹੀਂ ਸਕੂਲ ਨਾ ਭੇਜਣ। ਬੱਚਿਆ ਨੂੰ ਸਿਰਫ ਉਹਨ੍ਹਾਂ ਸਕੂਲੀ ਬੱਸਾਂ ਜਾਂ ਸਕੂਲੀ ਵਾਹਨਾਂ ਵਿੱਚ ਹੀ ਭੇਜਿਆ ਜਾਵੇ ਜਿਨ੍ਹਾਂ ਕੋਲ ਵੈਲਿਡ ਸਕੂਲ ਪਰਮਿਟ, ਫਿਟਨੈਸ ਸਰਟੀਫਿਕੇਟ, ਬੀਮਾ ਅਤੇ ਹੋਰ ਸਾਰੇ ਲੋੜੀਂਦੇ ਦਸਤਾਵੇਜ਼ ਮੌਜੂਦ ਹੋਣ, ਤਾਂ ਜੋ ਭੱਵਿਖ ਵਿੱਚ ਕੋਈ ਵੀ ਅਣ—ਸੁਖਾਵੀਂ ਘਟਨਾ ਵਾਪਰਨ ਤੋਂ ਬਚਾਅ ਹੋ ਸਕੇ।

## ਨਰੇਗਾ ਮੁਲਾਜ਼ਮਾਂ ਅਤੇ ਵਿਦਿਆਰਥੀਆਂ *ਤੇ ਦਿੱਲੀ ਵਿੱਚ ਕੀਤੇ ਗਏ ਅੰਨੇਵਾਹ ਤਸ਼ੱਦਦ ਦੀ ਵੱਖ-ਵੱਖ ਜਥੇਬੰਦੀਆਂ ਨੇ ਕੀਤੀ ਸਖਤ ਨਿਖੇਧੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 22 ਜੁਲਾਈ : ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਅਤੇ ਸੂਬਾਈ ਆਗੂ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ ਅਤੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਜਿੰਦਰ ਪਾਇਲਟ ਅਤੇ ਵਿੱਤ ਸਕੱਤਰ ਨਵੀਨ ਸਚਦੇਵਾ ਨੇ ਪੰਜਾਬ ਪੁਲਿਸ ਵੱਲੋਂ ਪਿਛਲੇ ਦਿਨੀ ਖੰਨਾ ਸ਼ਹਿਰ ਵਿੱਚ ਦੋ ਵਾਰ ਨਰੇਗਾ ਮੁਲਾਜ਼ਮਾਂ ਅਤੇ ਉਹਨਾਂ ਦੀ ਹਮਾਇਤ ਵਿੱਚ ਗਏ ਮਜ਼ਦੂਰਾਂ ਤੇ ਕੀਤੇ ਗਏ ਪੁਲਿਸ ਲਾਠੀਚਾਰਜ ਦੀ ਅਤੇ ਬੀਤੇ ਕੱਲ੍ਹ ਦਿੱਲੀ ਪੁਲਿਸ ਵੱਲੋਂ ਵਿਦਿਆਰਥੀਆਂ ਅਤੇ ਨੌਜਵਾਨਾਂ ਉੱਪਰ ਕੀਤੇ ਗਏ ਅੰਨ੍ਹੇਵਾਹ ਪੁਲਿਸ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ



ਨਿੰਦਾ ਕੀਤੀ ਹੈ।ਆਗੂਆਂ ਨੇ ਇਸ ਦੇ ਨਾਲ ਹੀ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਿੱਲੀ ਪੁਲਿਸ ਵੱਲੋਂ ਵਿਦਿਆਰਥੀਆਂ ਉਪਰ ਕੀਤਾ ਗਿਆ ਤਸ਼ੱਦਦ ਤਾਂ ਦਿਖਾਈ ਦੇ ਰਿਹਾ ਹੈ ਪਰ ਪੰਜਾਬ ਵਿਚ ਆਪਣੀ ਹੁਕਮਰਾਨ ਸਰਕਾਰ ਵੱਲੋਂ ਪੰਜਾਬ ਅੰਦਰ ਹਰ ਰੋਜ਼ ਵੱਖ ਵੱਖ ਵਰਗਾਂ ਅਤੇ ਬੀਤੇ ਦਿਨੀਂ ਨਰੇਗਾ ਮੁਲਾਜ਼ਮਾਂ ਤੇ ਪੰਜਾਬ ਪੁਲਿਸ ਵੱਲੋਂ ਦੋ ਵਾਰ ਖੰਨਾ ਸ਼ਹਿਰ ਵਿੱਚ ਕੀਤੇ ਗਏ ਪੁਲਿਸ ਲਾਠੀਚਾਰਜ ਨੂੰ ਵੇਖਕੇ ਅੱਖਾਂ ਬੰਦ ਕਿਉਂ ਹੋ ਜਾਂਦੀਆਂ ਹਨ? ਆਮ ਆਦਮੀ ਪਾਰਟੀ ਦੇ ਇਸ ਦੂਹਰੇ ਕਿਰਦਾਰ ਦੀ ਲੋਕਾਂ ਨੂੰ ਸਮਝ ਨਹੀਂ ਆ ਰਹੀ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਲੋਕਾਂ ਤੇ ਲਾਠੀਚਾਰਜ ਕਰਕੇ ਇਹਨਾਂ ਸੰਘਰਸ਼ਾਂ ਨੂੰ ਦਬਾਉਣ ਦੀ ਬਜਾਏ ਉਹਨਾਂ ਲਈ ਗਾਰੰਟੀਸ਼ੁਦਾ ਰੁਜ਼ਗਾਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ।ਆਗੂਆਂ ਨੇ ਕਿਹਾ ਕਿ ਇਸ ਤਰਾਂ ਹੀ ਕੇਂਦਰ ਸਰਕਾਰ ਵੱਲੋਂ ਸਮਾਜਿਕ ਕਾਰਕੁਨ ਸੋਨਮ ਵਾਂਗਚੁੱਕ ਵਲੋਂ ਸ਼ਾਂਤਮਈ ਢੰਗ ਨਾਲ ਸ਼ੁਰੂ ਕੀਤੇ ਗਏ ਮਰਨ ਵਰਤ ਨੂੰ ਜ਼ਬਰਨ ਖਤਮ ਕਰਵਾਉਣ ਦੀ ਸਖਤ ਨਿਖੇਧੀ ਕੀਤੀ ਹੈ।ਇਸ ਤੋਂ ਇਲਾਵਾ ਦੇਸ਼ ਭਰ ਵਿੱਚੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਇਕੱਤਰ ਹੋਏ ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਪਾਰਲੀਮੈਂਟ ਵੱਲ ਨੂੰ ਕੀਤੇ ਗਏ ਮਾਰਚ ਸਮੇਂ ਲਾਠੀਚਾਰਜ ਕਰਨਾ ਵੀ ਬਹੁਤ ਮੰਦਭਾਗਾ ਹੈ। ਜਿਨਾਂ ਦੀ ਸਿਰਫ ਇੱਕੋ ਮੰਗ ਹੈ ਕਿ ਪ੍ਰੀਖਿਆਵਾਂ ਵਿੱਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ ਨਾ ਕਿ ਲੁੱਟ ਖਸੁੱਟ।ਆਗੂਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਤੁਰੰਤ ਦੇਸ਼ ਦੇ ਸਿੱਖਿਆ ਮੰਤਰੀ ਤੋਂ ਅਸਤੀਫਾ ਲੈਕੇ ਅਤੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਪੀੜਤ ਵਿਦਿਆਰਥੀਆਂ ਨੇ ਇਨਸਾਫ ਦਿੱਤਾ ਜਾਵੇ।

## ਕਾਨੂੰਨ ਦਾ ਹੱਕ ਦਿਵਾਉਣ ਵਾਲੇ ਅੱਜ ਆਪਣੇ ਹੱਕ ਲਈ ਸੜਕਾਂ 'ਤੇ

### ਲੀਗਲ ਏਡ ਸਿਸਟਮ ਖ਼ਿਲਾਫ਼ ਆਰ-ਪਾਰ ਦੀ ਲੜਾਈ, ਵਕੀਲ ਭੁੱਖ ਹੜਤਾਲ 'ਤੇ

### ਰੋਸ ਵਜੋਂ ਕੱਲ ਕੱਢਿਆ ਜਾਵੇਗਾ ਵਿਸ਼ਾਲ ਰੋਡ ਸ਼ੋਅ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਫ਼ਰੀਦਕੋਟ, 22 ਜੁਲਾਈ : ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਵਿਰੋਧ ਵਿੱਚ ਜ਼ਿਲ੍ਹਾ ਬਾਰ ਐਸੋਸੀਏਸ਼ਨ ਫ਼ਰੀਦਕੋਟ ਦਾ ਸੰਘਰਸ਼ ਲਗਾਤਾਰ ਜਾਰੀ ਹੈ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਗੁਰਜਗਪਾਲ ਸਿੰਘ ਬਰਾੜ ਦੀ ਅਗਵਾਈ ਹੇਠ ਵਕੀਲਾਂ ਦਾ ਧਰਨਾ ਅੱਜ 14ਵੇਂ ਦਿਨ ਵਿੱਚ ਦਾਖਲ ਹੋ ਗਿਆ। ਧਰਨੇ ਦੌਰਾਨ ਵਕੀਲਾਂ ਨੇ ਇੱਕ ਵਾਰ ਫਿਰ ਸਪੱਸ਼ਟ ਕੀਤਾ ਕਿ ਜਦੋਂ ਤੱਕ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਵਾਪਸ ਨਹੀਂ ਲਿਆ ਜਾਂਦਾ, ਉਦੋਂ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਇਹ ਵਿਵਸਥਾ ਆਜ਼ਾਦ ਵਕਾਲਤ ਪੇਸ਼ੇ ਅਤੇ ਨਿਆਂਇਕ ਪ੍ਰਣਾਲੀ ਦੇ ਹਿੱਤਾਂ ਦੇ ਉਲਟ ਹੈ, ਇਸ ਲਈ ਬਾਰ ਐਸੋਸੀਏਸ਼ਨ ਇਸ ਦੇ ਵਿਰੋਧ ਵਿੱਚ ਇਕਜੁੱਟ ਹੋ ਕੇ ਅੰਦੋਲਨ ਚਲਾ ਰਹੀ ਹੈ। ਬਾਰ ਐਸੋਸੀਏਸ਼ਨ ਨੇ ਐਲਾਨ ਕੀਤਾ ਕਿ ਬੁੱਧਵਾਰ ਨੂੰ ਅੰਦੋਲਨ ਨੂੰ ਹੋਰ ਤੇਜ਼



ਕਰਦਿਆਂ ਸ਼ਹਿਰ ਵਿੱਚ ਇੱਕ ਵਿਸ਼ਾਲ ਰੋਸ ਮਾਰਚ (ਰੋਡ ਸ਼ੋਅ) ਕੱਢਿਆ ਜਾਵੇਗਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਵਕੀਲ ਆਪਣੀਆਂ ਕਾਰਾਂ ਅਤੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਸ਼ਹਿਰ ਦੇ ਮੁੱਖ ਮਾਰਗਾਂ ਤੋਂ ਲੰਘਣਗੇ ਅਤੇ ਇਸ ਸਿਸਟਮ ਖ਼ਿਲਾਫ਼ ਆਪਣਾ ਵਿਰੋਧ ਦਰਜ ਕਰਵਾਉਣਗੇ। ਅੱਜ ਇਸ ਹੜਤਾਲ ਨੂੰ ਜਿਲ੍ਹਾ ਟੈਕਸ ਐਸੋਸੀਏਸ਼ਨ ਨੇ ਵੀ ਆਪਣਾ ਸਮਰਥਨ ਦਿੱਤਾ, ਟੈਕਸ ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਵਿਨੈ ਗੁਪਤਾ, ਅਵੰਤਾ ਜੈਨ, ਲਲਿਤ ਗੁਪਤਾ, ਕਸ਼ਿਸ ਜੈਨ, ਵਰੁਣ ਮੁਖੀਜਾ ਅਤੇ ਹੋਰ ਕਈ ਵਕੀਲ ਸ਼ਾਮਿਲ ਹੋਏ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸੀਨੀਅਰ ਐਡਵੋਕੇਟ ਬਿਕਰਜੀਤ ਸਿੰਘ ਬਰਾੜ, ਗੁਰਪ੍ਰੀਤ ਸਿੰਘ ਚੌਹਾਨ, ਜਤਿੰਦਰ ਸਿੰਘ ਖੋਸਾ, ਨਵਜੋਤ ਸਿੰਘ ਵੈਹਣੀਵਾਲ ਆਦਿ ਨੇ ਵੀ ਸੰਬੋਧਨ ਕੀਤਾ।

## ਦਵਿੰਦਰ ਬਾਂਸਲ, ਟਰਾਂਟੋ (ਕਨੇਡਾ) ਦਾ ਨਵਾਂ ਕਾਵਿ ਸੰਗ੍ਰਹਿ 'ਦੀਦ' ਲੋਕ ਅਰਪਿਤ ਹੋਇਆ

### 'ਦੀਦ' ਨਾਰੀ ਪੀੜਾ ਤੇ ਰੁਮਾਂਸਵਾਦ ਦਾ ਕਾਵਿ ਚਿੱਤਰਨ ਹੈ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ



ਬਰੈਂਪਟਨ (ਕੈਨੇਡਾ), 22 ਜੁਲਾਈ : ਦਵਿੰਦਰ ਬਾਂਸਲ, ਟਰਾਂਟੋ (ਕਨੇਡਾ) ਦਾ ਨਵਾਂ ਕਾਵਿ ਸੰਗ੍ਰਹਿ 'ਦੀਦ' ਜਗਤ ਪੰਜਾਬੀ ਸਭਾ ਕੈਨੇਡਾ ਅਤੇ ਓਂਟਾਰੀਓ ਫਰੈਡਜ਼ ਕਲੱਬ ਵੱਲੋਂ 12ਵੀਂ ਵਰਲਡ ਪੰਜਾਬੀ ਕਾਨਫਰੰਸ ਦੌਰਾਨ ਸ. ਅਜੈਬ ਸਿੰਘ ਚੱਠਾ, ਚੇਅਰਮੈਨ, ਹਰਜਿੰਦਰ ਕੌਰ ਮੈਂਬਰ ਇੰਚਾਰਜ ਐਜੂਕੇਸ਼ਨ, ਪ੍ਰੈਜ਼ੀਡੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਲਵਿੰਦਰ ਸਿੰਘ ਚੱਠਾ, ਯੂ.ਐਸ.ਏ ਸਮੇਤ ਵਿਸ਼ਵ ਦੇ ਸਹਿਤਕਾਰਾਂ, ਲੇਖਕਾਂ ਕਵੀਆਂ ਤੇ ਬੁਧੀਜੀਵੀਆਂ ਦੀ ਹਾਜਰੀ ਵਿੱਚ ਲੋਕ ਅਰਪਤ ਹੋਇਆ।

ਪੰਜਾਬ ਤੇ ਪੰਜਾਬੀ ਸਭਿਆਚਾਰ ਦੀ ਝਲਕ ਮਕਬੂਲ ਪਰਵਾਸੀ ਕਵਿਤਰੀ ਦਵਿੰਦਰ ਬਾਂਸਲ ਨੂੰ ਮਿਲ ਕੇ ਜਾਂ ਉਸ ਦੀਆਂ ਕਵਿਤਾਵਾਂ ਪੜ੍ਹ ਕੇ ਵੇਖੀ, ਵਾਚੀ ਜਾ ਸਕਦੀ।

ਹੁਣ ਤੱਕ ਦਵਿੰਦਰ ਬਾਂਸਲ ਦੇ ਤਿੰਨ ਕਾਵਿ ਸੰਗ੍ਰਹਿ 'ਮੇਰੀਆਂ ਝਾਂਜਰਾਂ ਦੀ ਛਨ-ਛਨ' (1998 ), 'ਜੀਵਨ ਰੁੱਤ ਦੀ ਮਾਲਾ' (2023) ਅਤੇ 'ਸਵੈ ਦੀ ਪਰਕਰਮਾ' (2023) ਪ੍ਰਕਾਸ਼ਤ ਹੋ ਚੁੱਕੇ । 'ਮੇਰੀਆਂ ਝਾਂਜਰਾਂ ਦੀ ਛਨ-ਛਨ' ਕਾਵਿ ਸੰਗ੍ਰਹਿ ਦੇ ਤਿੰਨ ਐਡੀਸ਼ਨ ਛਪ ਚੁੱਕੇ ।

ਬਹੁ-ਪਰਤੀ ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਵਿਲੱਖਣ ਛੂਹ ਵਾਲੀਆਂ ਕਿਸੇ ਵਹਿੰਦੇ ਦਰਿਆ ਦੀਆਂ ਬਹੁ-ਰੰਗੀ ਤਰੰਗਾਂ ਹਨ।

'ਦੀਦ' ਉਸਦਾ ਚੌਥਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਛੋਟੀਆਂ-ਵੱਡੀਆਂ ਤੇ ਖੁਲ੍ਹੀਆਂ 56 ਕਵਿਤਾਵਾਂ ਸ਼ਾਮਲ ਨੇ।

'ਦੀਦ' ਵਿਚਲੀਆਂ ਰੰਗ ਬਰੰਗੀਆਂ ਕਵਿਤਾਵਾਂ ਦੀ ਰਵਾਨੀ ਦਰਿਆ ਕਿਸੇ ਦੀਆਂ ਲਹਿਰਾਂ ਵਰਗੀ। ਸਮਾਜਿਕ ਤਾਣੇ-ਬਾਣੇ 'ਚ ਵਿਚਰਦਿਆਂ ਜੋ ਪ੍ਰਭਾਵ ਬਾਂਸਲ ਨੇ ਗ੍ਰਹਿਣ ਕੀਤੇ ਉਨ੍ਹਾਂ ਨੂੰ ਯਾਦਗਾਰੀ ਕਵਿਤਾਵਾਂ ਦਾ ਰੂਪ ਦਿੱਤਾ। ਉਹ ਦੱਸਦੀ ਹੈ ਕਿ ਹਾਰ ਸ਼ਿੰਗਾਰ ਨਾਲ ਔਰਤ ਸੁੰਦਰ ਤਾਂ ਦਿਸਦੀ ਪ੍ਰੰਤੂ ਮਾਨਸਿਕ ਸ਼ਾਂਤੀ ਰੂਹਾਨੀ ਮੁਹੱਬਤਾਂ ਨਾਲ ਮਿਲਦੀ ਹੈ। ਉਸਦਾ ਕਾਵਿ ਸੰਗ੍ਰਹਿ 'ਦੀਦ' ਨਾਰੀ ਪੀੜਾ ਤੇ ਰੁਮਾਂਸਵਾਦ ਦਾ ਕਾਵਿ ਚਿੱਤਰਨ ਹੈ। ਇਹ ਬੇਸ਼ਕੀਮਤੀ ਕਿਤਾਬ ਪ੍ਰਿਥਮ ਪ੍ਰਕਾਸ਼ਨ ਪਟਿਆਲਾ ਨੇ ਛਾਪੀ ਹੈ।

## ਗੁਰੂ ਰਵਿਦਾਸ ਜੀ ਦੇ ਜੀਵਨ ਅਧਾਰਿਤ ਡਾਕੂਮੈਂਟਰੀ ਸ਼ੋਅ ਨੂੰ ਮਿਲ ਰਿਹੈ ਭਰਪੂਰ ਹੁੰਗਾਰਾ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 22 ਜੁਲਾਈ : ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸ਼ਰਧਾ ਭਾਵਨਾ ਨਾਲ ਮਨਾਉਣ ਤਹਿਤ ਲੋਕਾਂ ਨੂੰ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਉਣ ਲਈ ਵਿਸ਼ੇਸ਼ ਡਾਕੂਮੈਂਟਰੀ ਲਗਾਤਾਰ ਰਾਜਪੁਰਾ ਦੇ ਪਿੰਡਾਂ ਵਿਚ ਦਿਖਾਈ ਜਾ ਰਹੀ ਹੈ। ਇਹ ਪ੍ਰਗਟਾਵਾ ਰਾਜਪੁਰਾ ਦੇ ਐੱਸ.ਡੀ.ਐਮ. ਰਵਿੰਦਰ ਸਿੰਘ ਨੇ ਕਰਦਿਆ ਦੱਸਿਆ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਸੰਦੇਸ਼ ਦਿੰਦੀ ਵਿਸ਼ੇਸ਼ ਡਾਕੂਮੈਂਟਰੀ ਰੋਜ਼ਾਨਾ 8 ਪਿੰਡਾਂ 'ਚ ਲੋਕ ਬਹੁਤ ਉਤਸ਼ਾਹ ਨਾਲ ਦੇਖ ਰਹੇ ਹਨ।

ਐੱਸ.ਡੀ.ਐਮ. ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੰਗਰੂਰ ਤੋਂ ਇਨ੍ਹਾਂ ਵਿਸ਼ੇਸ਼ ਵੈਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਨ੍ਹਾਂ ਵਿਸ਼ੇਸ਼ ਵੈਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਪਵਿੱਤਰ ਸਿੱਖਿਆਵਾਂ 'ਤੇ ਆਧਾਰਿਤ 30 ਮਿੰਟ ਦੀ ਦਸਤਾਵੇਜ਼ੀ ਪਿੰਡ-ਪਿੰਡ ਵਿੱਚ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਬੀਤੀ ਰਾਤ ਰਾਜਪੁਰਾ ਬਲਾਕ 'ਚ ਪਿੰਡ ਭਾਪਾਲ ਅਤੇ ਨਲਾਸ ਕਲਾਂ ਵਿਖੇ ਦਿਖਾਈ ਗਈ। ਇਸ ਦਸਤਾਵੇਜ਼ੀ ਨੂੰ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਦੇਖਦੇ ਹੋਏ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਤੋਂ ਪ੍ਰੇਰਣਾ ਹਾਸਲ ਕਰ ਰਹੇ ਹਨ।

ਇਸ ਦੌਰਾਨ ਇਹ ਦਸਤਾਵੇਜ਼ੀ ਫ਼ਿਲਮ ਦੇਖਣ ਵਾਲੇ ਪਿੰਡਾਂ ਦੇ ਵਸਨੀਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਡਾਕੂਮੈਂਟਰੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ ਅਤੇ ਅਜਿਹੇ ਉਪਰਾਲੇ ਸਮਾਜ ਵਿੱਚ ਆਪਸੀ ਸਦਭਾਵਨਾ ਨੂੰ ਹੋਰ ਮਜ਼ਬੂਤ ਕਰਨ ਸਮੇਤ ਨੌਜਵਾਨ ਪੀੜ੍ਹੀ ਨੂੰ ਆਪਣੇ ਮਹਾਨ ਗੁਰੂਆਂ ਦੇ ਜੀਵਨ ਅਤੇ ਆਦਰਸ਼ਾਂ ਨਾਲ ਜੋੜਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਣਗੇ। ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਡੱਬੀ ਲਈ ਪ੍ਰਸਤਾਵਿਤ 22 ਜੁਲਾਈ ਨੂੰ ਸ਼ਾਮ 6:00 ਤੇ ਸ਼ਾਮ 7:00 ਵਜੇ ਰਾਜਪੁਰਾ ਬਲਾਕ 'ਚ ਪਿੰਡ ਡਭਲੀ ਖੁਰਦ ਅਤੇ ਡਬਲੀ ਕਲਾਂ ਵਿਖੇ ਦਸਤਾਵੇਜ਼ੀ ਦਿਖਾਈ ਜਾਵੇਗੀ।

ਫੋਟੋ ਕੈਪਸ਼ਨ- ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਦਿਖਾਈ ਜਾ ਰਹੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਸਬੰਧੀ ਦਸਤਾਵੇਜ਼ੀ ਫ਼ਿਲਮ।

## ਕਾਰ 'ਚੋਂ 810 ਗ੍ਰਾਮ ਹੈਰੋਇਨ ਬਰਾਮਦ, ਸੀਆਈਏ ਸਟਾਫ਼ ਵੱਲੋਂ ਇਕ ਵਿਅਕਤੀ ਕਾਬੂ


ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 22 ਜੁਲਾਈ : ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਸੀਆਈਏ ਸਟਾਫ਼ ਫ਼ਰੀਦਕੋਟ ਨੇ ਵੱਡੀ ਸਫ਼ਲਤਾ ਹਾਸਲ ਕਰਦਿਆਂ ਇਕ ਕਾਰ ਸਵਾਰ ਵਿਅਕਤੀ ਨੂੰ ਕਾਬੂ ਕਰਕੇ ਉਸ ਕੋਲੋਂ 810 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਵੱਲੋਂ ਮੁਲਜ਼ਮ ਕੋਲੋਂ ਇਕ ਮੋਬਾਈਲ ਫ਼ੋਨ, ਜਾਮਾ ਤਲਾਸ਼ੀ ਦੌਰਾਨ 4 ਹਜ਼ਾਰ ਰੁਪਏ ਦੀ ਨਕਦੀ ਅਤੇ ਕਾਰ ਵੀ ਕਬਜ਼ੇ ਵਿਚ ਲੈ ਲਈ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਸੀਆਈਏ ਸਟਾਫ਼ ਦੇ ਸਹਾਇਕ ਥਾਣੇਦਾਰ ਹਾਕਮ ਸਿੰਘ ਸਮੇਤ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੇ ਸਬੰਧ ਵਿਚ ਦਾਣਾ ਮੰਡੀ ਚੰਦਬਾਜਾ ਵਿਖੇ ਮੌਜੂਦ ਸੀ। ਇਸ ਦੌਰਾਨ ਮੰਡੀ ਵਿਚ ਇਕ ਕਾਰ ਸ਼ੱਕੀ ਹਾਲਤ ਵਿਚ ਖੜ੍ਹੀ ਦਿਖਾਈ ਦਿੱਤੀ। ਪੁਲਸ ਪਾਰਟੀ ਨੇ ਕਾਰ ਕੋਲ ਜਾ ਕੇ ਉਸ ਵਿਚ ਬੈਠੇ ਵਿਅਕਤੀ ਤੋਂ ਪੁੱਛਗਿੱਛ ਕੀਤੀ ਅਤੇ ਕਾਨੂੰਨੀ ਕਾਰਵਾਈ ਅਨੁਸਾਰ ਕਾਰ ਦੀ ਤਲਾਸ਼ੀ ਲਈ। ਤਲਾਸ਼ੀ ਦੌਰਾਨ ਕਾਰ ਵਿਚ ਪਏ ਇਕ ਬੈਗ ਵਿਚੋਂ 810 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਤੋਂ ਬਾਅਦ ਉਕਤ ਵਿਅਕਤੀ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਇਲਾਵਾ ਇਕ ਮੋਬਾਈਲ ਫ਼ੋਨ, ਜਾਮਾ ਤਲਾਸ਼ੀ ਦੌਰਾਨ 4 ਹਜ਼ਾਰ ਰੁਪਏ ਦੀ ਨਕਦੀ ਅਤੇ ਕਾਰ ਵੀ ਪੁਲਸ ਨੇ ਕਬਜ਼ੇ ਵਿਚ ਲੈ ਲਈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਹਰਦੀਪ ਸਿੰਘ ਵਾਸੀ ਸਾਧਾਂ ਵਾਲੀ ਬਸਤੀ, ਵਾਰਡ ਨੰਬਰ 22, ਥਾਣਾ ਸਿਟੀ-2, ਮੋਗਾ ਵਜੋਂ ਹੋਈ ਹੈ। ਪੁਲਸ ਵੱਲੋਂ ਉਸ ਖ਼ਿਲਾਫ਼ ਐਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਹੈਰੋਇਨ ਦੀ ਇਹ ਵੱਡੀ ਖੇਪ ਕਿੱਥੋਂ ਲਿਆਂਦੀ ਗਈ ਸੀ, ਇਸ ਦੇ ਪਿੱਛੇ ਕੌਣ-ਕੌਣ ਸ਼ਾਮਲ ਹੈ ਅਤੇ ਇਸ ਨੂੰ ਅੱਗੇ ਕਿਸ ਨੂੰ ਸਪਲਾਈ ਕੀਤਾ ਜਾਣਾ ਸੀ।

## *ਗਰੀਬ ਦੀ ਮੱਦਦ ਪ੍ਰਤੀ ਗੁਰਬਾਣੀ ਦਾ ਚਾਨਣ ਤੇ ਵਿਸਥਾਰ *




ਗਰੀਬ ਦੀ ਮੱਦਦ ਕਰਨਾ ਦੁਨਿਆਵੀ ਪੁੰਨ ਨਹੀਂ, ਇਹ ਰੂਹਾਨੀ ਇਬਾਦਤ ਹੈ। ਸਾਡੇ ਸਮਾਜ ਵਿੱਚ ਅਕਸਰ ਗਰੀਬ ਨੂੰ ਪੈਸੇ ਦੀ ਕਮੀ ਵਾਲਾ ਸਮਝਿਆ ਜਾਂਦਾ ਹੈ, ਪਰ ਗੁਰਬਾਣੀ ਵਿੱਚ ਗਰੀਬ ਉਹ ਹੈ ਜੋ ਨਿਮਰ ਹੈ, ਜਿਸਦਾ ਮਨ ਨੀਵਾਂ ਹੈ, ਜਿਸਦੇ ਅੰਦਰ ਹਉਮੈ ਨਹੀਂ। ਗੁਰੂ ਨਾਨਕ ਦੇਵ ਜੀ ਨੇ ਗਰੀਬੀ ਨੂੰ ਕਮਜ਼ੋਰੀ ਨਹੀਂ ਸਗੋਂ ਖੁਦਾਈ ਤਾਕਤ ਕਿਹਾ ਹੈ। ਇਸੇ ਕਰਕੇ ਸਿੱਖ ਧਰਮ ਦਾ ਸਾਰਾ ਢਾਂਚਾ ਗਰੀਬ ਦੀ ਬਾਹ ਫੜਨ ਉੱਤੇ ਖੜਾ ਹੈ।

ਗੁਰਬਾਣੀ ਵਿੱਚ ਗਰੀਬ ਦਾ ਰੁਤਬਾ
ਦੁਨੀਆਂ ਗਰੀਬ ਨੂੰ ਧੱਕਾ ਦਿੰਦੀ ਹੈ, ਪਰ ਗੁਰੂ ਸਾਹਿਬ ਉਸਨੂੰ ਸੀਨੇ ਨਾਲ ਲਾਉਂਦੇ ਹਨ। ਬਾਬਰ ਦੇ ਹਮਲੇ ਵੇਲੇ ਜਦੋਂ ਗੁਰੂ ਨਾਨਕ ਜੀ ਨੂੰ ਜੇਲ੍ਹ ਵਿੱਚ ਡੱਕਿਆ ਗਿਆ ਤਾਂ ਉਨ੍ਹਾਂ ਨੇ ਅਮੀਰਾਂ ਦੇ ਮਹਿਲ ਨਹੀਂ ਵੇਖੇ, ਉਨ੍ਹਾਂ ਨੇ ਗਰੀਬਾਂ ਦੀਆਂ ਚੀਕਾਂ ਸੁਣੀਆਂ ਅਤੇ ਰੱਬ ਦੇ ਦਰ ਤੇ ਅਰਦਾਸ ਕੀਤੀ।
ਗੁਰਬਾਣੀ ਫੁਰਮਾਉਂਦੀ ਹੈ –

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਗੁਰੂ ਜੀ ਕਹਿੰਦੇ ਹਨ, ਮੈਂ ਉਨ੍ਹਾਂ ਨੀਵਿਆਂ ਦੇ ਨਾਲ ਹਾਂ ਜੋ ਦੁਨੀਆਂ ਦੀ ਨਜ਼ਰ ਵਿੱਚ ਸਭ ਤੋਂ ਨੀਚ ਹਨ। ਮੈਨੂੰ ਵੱਡਿਆਂ ਨਾਲ ਕੀ ਮਤਲਬ? ਇਹ ਸ਼ਬਦ ਸਿਰਫ ਪੜ੍ਹਨ ਲਈ ਨਹੀਂ, ਜੀਣ ਲਈ ਹੈ।

ਇਸਦਾ ਸਭ ਤੋਂ ਵੱਡਾ ਪ੍ਰਮਾਣ ਸਾਖੀ ਭਾਈ ਲਾਲੋ ਅਤੇ ਮਲਿਕ ਭਾਗੋ ਦੀ ਹੈ। ਮਲਿਕ ਭਾਗੋ ਗਰੀਬਾਂ ਦਾ ਖੂਨ ਚੂਸ ਕੇ ਅਮੀਰ ਬਣਿਆ ਹੋਇਆ ਸੀ ਅਤੇ ਉਸਨੇ ਗੁਰੂ ਜੀ ਨੂੰ ਸੋਨੇ ਦੀਆਂ ਥਾਲੀਆਂ ਵਿੱਚ ਪਕਵਾਨ ਪਰੋਸੇ। ਦੂਜੇ ਪਾਸੇ ਭਾਈ ਲਾਲੋ ਗਰੀਬ ਤਰਖਾਣ ਸੀ ਜਿਸ ਕੋਲ ਕੋਧਰੇ ਦੀ ਸੁੱਕੀ ਰੋਟੀ ਹੀ ਸੀ। ਗੁਰੂ ਜੀ ਨੇ ਮਲਿਕ ਭਾਗੋ ਦੀ ਥਾਲੀ ਠੁਕਰਾ ਕੇ ਭਾਈ ਲਾਲੋ ਦੀ ਰੋਟੀ ਨੂੰ ਹੱਥ ਵਿੱਚ ਲਿਆ ਤਾਂ ਇੱਕ ਮੁੱਠੀ ਵਿੱਚੋਂ ਦੁੱਧ ਦੀਆਂ ਧਾਰਾਂ ਅਤੇ ਦੂਜੀ ਵਿੱਚੋਂ ਲਹੂ ਦੀਆਂ ਬੂੰਦਾਂ ਨਿਕਲੀਆਂ। ਗੁਰੂ ਜੀ ਨੇ ਸਾਬਤ ਕਰ ਦਿੱਤਾ ਕਿ ਰੱਬ ਗਰੀਬ ਦੇ ਹੱਕ-ਸੱਚ ਦੀ ਕਿਰਤ ਵਿੱਚ ਵੱਸਦਾ ਹੈ।

ਵੰਡ ਛਕਣਾ –
ਇਹ ਗਰੀਬ ਦੀ ਮੱਦਦ ਦਾ
ਸਭ ਤੋਂ ਉੱਚਾ ਰਾਹ ਹੈਗੁਰਬਾਣੀ ਨੇ ਸਾਨੂੰ ਮੰਗਣਾ ਨਹੀਂ ਸਿਖਾਇਆ, ਸਗੋਂ ਕਮਾ ਕੇ, ਕਿਰਤ ਕਰਕੇ ਵੰਡਣਾ ਸਿਖਾਇਆ ਹੈ।
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਭਾਵ, ਜੋ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਕੁਝ ਹਿੱਸਾ ਦੂਜਿਆਂ ਨੂੰ ਦਿੰਦਾ ਹੈ, ਉਹੀ ਰੱਬ ਦੇ ਰਾਹ ਨੂੰ ਪਛਾਣਦਾ ਹੈ। ਇਸੇ ਸਿਧਾਂਤ ਤੋਂ ਦਸਵੰਧ ਅਤੇ ਲੰਗਰ ਦੀ ਮਰਿਆਦਾ ਬਣੀ।

ਦਸਵੰਧ : ਆਪਣੀ ਕਮਾਈ ਦਾ ਦਸਵਾਂ ਹਿੱਸਾ ਗਰੀਬਾਂ, ਲੋੜਵੰਦਾਂ ਅਤੇ ਧਰਮ ਦੇ ਪ੍ਰਚਾਰ ਲਈ ਕੱਢਣਾ। ਇਹ ਗਰੀਬ ਉੱਤੇ ਅਹਿਸਾਨ ਨਹੀਂ, ਇਹ ਸਾਡੀ ਕਮਾਈ ਨੂੰ ਪਵਿੱਤਰ ਕਰਨ ਦਾ ਤਰੀਕਾ ਹੈ।

ਲੰਗਰ : ਗੁਰੂ ਅੰਗਦ ਦੇਵ ਜੀ ਅਤੇ ਮਾਤਾ ਖੀਵੀ ਜੀ ਨੇ ਲੰਗਰ ਨੂੰ ਸੰਸਥਾ ਬਣਾਇਆ। ਗੁਰੂ ਅਮਰਦਾਸ ਜੀ ਨੇ ਹੁਕਮ ਦਿੱਤਾ – ਪਹਿਲੇ ਪੰਗਤ, ਪਾਛੇ ਸੰਗਤ। ਭਾਵ, ਭਾਵੇਂ ਅਕਬਰ ਬਾਦਸ਼ਾਹ ਹੀ ਕਿਉਂ ਨਾ ਆਵੇ, ਪਹਿਲਾਂ ਗਰੀਬਾਂ ਨਾਲ ਇੱਕੋ ਪੰਗਤ ਵਿੱਚ ਬੈਠ ਕੇ ਰੋਟੀ ਖਾਵੇ ਫੇਰ ਗੁਰੂ ਦੇ ਦਰਸ਼ਨ ਕਰੇ। ਲੰਗਰ ਗਰੀਬ ਦੀ ਭੁੱਖ ਵੀ ਮਿਟਾਉਂਦਾ ਹੈ ਅਤੇ ਅਮੀਰ ਦੇ ਹੰਕਾਰ ਨੂੰ ਵੀ ਤੋੜਦਾ ਹੈ।

ਨਿਹਕਾਮ ਸੇਵਾ ਅਤੇ ਗਰੀਬ ਦੀ ਬਦਦੁਆ ਤੋਂ ਬਚਣਾ
ਗਰੀਬ ਦੀ ਮੱਦਦ ਕਰਦੇ ਸਮੇਂ ਨੀਅਤ ਦਾ ਬਹੁਤ ਮਹੱਤਵ ਹੈ। ਦਿਖਾਵੇ ਲਈ ਕੀਤੀ ਮੱਦਦ ਦਾ ਕੋਈ ਫਲ ਨਹੀਂ।
ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥

ਭਾਈ ਘਨੱਈਆ ਜੀ ਇਸਦੇ ਪ੍ਰਤੱਖ ਉਦਾਹਰਣ ਹਨ। ਉਨ੍ਹਾਂ ਨੇ ਜੰਗ ਦੇ ਮੈਦਾਨ ਵਿੱਚ ਜ਼ਖਮੀ ਸਿੱਖਾਂ ਦੇ ਨਾਲ-ਨਾਲ ਦੁਸ਼ਮਣ ਮੁਗਲ ਫੌਜੀਆਂ ਨੂੰ ਵੀ ਪਾਣੀ ਪਿਲਾਇਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੁੱਛਿਆ ਤਾਂ ਉਨ੍ਹਾਂ ਕਿਹਾ, ਮੈਨੂੰ ਤਾਂ ਸਭ ਵਿੱਚ ਤੁਸੀਂ ਹੀ ਦਿਸਦੇ ਹੋ। ਗੁਰੂ ਜੀ ਖੁਸ਼ ਹੋਏ ਅਤੇ ਉਨ੍ਹਾਂ ਨੂੰ ਮਲ੍ਹਮ ਪੱਟੀ ਵੀ ਦੇਣ ਲਈ ਕਿਹਾ। ਇਹੀ ਸੇਵਾ ਅੱਜ ਅਨੇਕ ਸੇਵਾ ਦਲਾਂ ਦੇ ਰੂਪ ਵਿੱਚ ਜਿਉਂਦੀ ਹੈ।

ਦੂਜੇ ਪਾਸੇ ਗੁਰਬਾਣੀ ਗਰੀਬ ਨੂੰ ਸਤਾਉਣ ਵਾਲੇ ਨੂੰ ਚਿਤਾਵਨੀ ਦਿੰਦੀ ਹੈ।

ਗਰੀਬ ਦਾ ਮੂੰਹ ਗੁਰੂ ਕੀ ਗੋਲਕ ॥

ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ। ਉਸ ਵਿੱਚ ਪਾਇਆ ਇੱਕ ਰੁਪਿਆ ਗੁਰੂ ਦੀ ਗੋਲਕ ਵਿੱਚ ਪਾਇਆ ਜਾਂਦਾ ਹੈ ਅਤੇ ਉਸਦਾ ਮਾਰਿਆ ਇੱਕ ਰੁਪਿਆ ਗੁਰੂ ਦੀ ਗੋਲਕ ਵਿੱਚੋਂ ਚੋਰੀ ਕਰਨ ਦੇ ਬਰਾਬਰ ਹੈ। ਗਰੀਬ ਦੀ ਹਾਏ ਬਾਰੇ ਕਿਹਾ ਗਿਆ ਹੈ – ਗਰੀਬ ਦੀ ਹਾਏ ਲੋਹੇ ਨੂੰ ਵੀ ਖਾ ਜਾਂਦੀ ਹੈ। ਉਸਦੀ ਬਦਦੁਆ ਸਿੱਧੀ ਅਕਾਲ ਪੁਰਖ ਦੇ ਦਰਬਾਰ ਵਿੱਚ ਸੁਣੀ ਜਾਂਦੀ ਹੈ।

ਅੱਜ ਦੇ ਸਮੇਂ ਵਿੱਚ ਅਸੀਂ ਕੀ ਕਰ ਸਕਦੇ ਹਾਂ?
ਅੱਜ ਗਰੀਬ ਦੀ ਮੱਦਦ ਸਿਰਫ ਪੈਸੇ ਦੇਣ ਨਾਲ ਹੀ ਨਹੀਂ ਸਗੋਂ ਹੋਰ ਬਹੁਤ ਤਰੀਕੇ ਹਨ ਜਿਵੇਂ ਕਿਸੇ ਗਰੀਬ ਬੱਚੇ ਦੀ ਫੀਸ ਭਰ ਦੇਣਾ, ਕਿਸੇ ਬਿਮਾਰ ਦੀ ਦਵਾਈ ਲੈ ਦੇਣਾ, ਕਿਸੇ ਨੂੰ ਰੁਜ਼ਗਾਰ ਸਿਖਾ ਦੇਣਾ, ਕਿਸੇ ਨਾਲ ਮਿੱਠਾ ਬੋਲ ਕੇ ਉਸਨੂੰ ਇੱਜ਼ਤ ਦੇਣਾ – ਇਹ ਵੀ ਮੱਦਦ ਹੀ ਹੈ। ਸਭ ਤੋਂ ਵੱਡੀ ਮੱਦਦ ਉਸਨੂੰ ਆਪਣੇ ਪੈਰਾਂ ਤੇ ਖੜਾ ਕਰਨਾ ਹੈ।
ਯਾਦ ਰੱਖੋ, ਜਦੋਂ ਅਸੀਂ ਕਿਸੇ ਨਿਰਧਨ ਨੂੰ ਕੁਝ ਦਿੰਦੇ ਹਾਂ ਤਾਂ ਅਸੀਂ ਉਸ ਉੱਤੇ ਅਹਿਸਾਨ ਨਹੀਂ ਕਰਦੇ, ਅਸੀਂ ਆਪਣੇ ਉੱਤੇ ਕਰਦੇ ਹਾਂ। ਕਿਉਂਕਿ ਗੁਰਬਾਣੀ ਕਹਿੰਦੀ ਹੈ

ਨਿਰਧਨ ਕਉ ਧਨੁ ਤੇਰੋ ਨਾਮੁ ॥

ਹੇ ਵਾਹਿਗੁਰੂ, ਜਦੋਂ ਅਸੀਂ ਨਿਰਧਨ ਨੂੰ ਧਨ ਦਿੰਦੇ ਹਾਂ ਤਾਂ ਤੂੰ ਸਾਨੂੰ ਆਪਣੇ ਨਾਮ ਦਾ ਧਨ ਬਖਸ਼ ਦਿੰਦਾ ਹੈਂ, ਅਤੇ ਨਾਮ ਦੇ ਧਨ ਤੋਂ ਵੱਡਾ ਕੋਈ ਧਨ ਨਹੀਂ।

ਬਹੁਤ ਵਧੀਆ, ਗਰੀਬਾਂ ਦੀ ਸੇਵਾ ਬਾਰੇ ਗੁਰਬਾਣੀ ਭਰੀ ਪਈ ਹੈ। ਇੱਥੇ ਕੁਝ ਹੋਰ ਪ੍ਰਮਾਣਿਕ ਉਦਾਹਰਣਾਂ ਅਰਥਾਂ ਸਮੇਤ ਦੇ ਰਿਹਾ ਹਾਂ ਭਾਵੇਂ ਇਹਨਾਂ ਚੋਂ ਉਪਰ ਕੁਝ ਉਦਾਹਰਣਾਂ ਚ ਪਹਿਲਾਂ ਵੀ ਆਏ ਹਨ ਪਰ ਇਥੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਨੰਬਰ ਵੀ ਅੰਕਿਤ ਹਨ।

ਹੱਕ-ਸੱਚ ਦੀ ਕਮਾਈ ਬਾਰੇ
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥
**ਅੰਗ 1245**
ਅਰਥ – ਜੋ ਆਪਣੀ ਮਿਹਨਤ ਨਾਲ ਕਮਾ ਕੇ ਖਾਂਦਾ ਹੈ ਅਤੇ ਉਸ ਵਿੱਚੋਂ ਗਰੀਬਾਂ ਨੂੰ ਦਿੰਦਾ ਹੈ, ਉਹੀ ਰੱਬ ਦੇ ਸੱਚੇ ਰਾਹ ਤੇ ਹੈ। ਇਹ ਸੇਵਾ ਦੀ ਪਹਿਲੀ ਸ਼ਰਤ ਹੈ।
ਨੀਵਿਆਂ ਨੂੰ ਗਲ ਲਾਉਣ ਬਾਰੇ
ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
**ਅੰਗ 15**
ਅਰਥ – ਮੈਂ ਉਨ੍ਹਾਂ ਗਰੀਬਾਂ ਦੇ ਨਾਲ ਹਾਂ ਜੋ ਦੁਨੀਆਂ ਦੀ ਨਜ਼ਰ ਵਿੱਚ ਸਭ ਤੋਂ ਨੀਚ ਹਨ। ਮੈਨੂੰ ਅਮੀਰਾਂ ਨਾਲ ਕੋਈ ਰੀਸ ਨਹੀਂ ਕਰਨੀ।
ਨਿਹਕਾਮ ਸੇਵਾ ਬਾਰੇ
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
**ਅੰਗ 286**
ਅਰਥ – ਜੋ ਬਿਨਾਂ ਕਿਸੇ ਲਾਲਚ, ਬਿਨਾਂ ਫਲ ਦੀ ਇੱਛਾ ਤੋਂ ਗਰੀਬ ਦੀ ਸੇਵਾ ਕਰਦਾ ਹੈ, ਉਸਨੂੰ ਖੁਦ ਮਾਲਕ ਵਾਹਿਗੁਰੂ ਮਿਲ ਜਾਂਦਾ ਹੈ।
ਗਰੀਬ ਦਾ ਹੱਕ ਮਾਰਨ ਬਾਰੇ
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
**ਅੰਗ 141**
ਅਰਥ – ਕਿਸੇ ਗਰੀਬ ਦਾ ਹੱਕ ਮਾਰਨਾ ਸੂਰ ਦਾ ਮਾਸ ਖਾਣ ਵਰਗਾ ਹੈ। ਇਹ ਸਖਤ ਚੇਤਾਵਨੀ ਹੈ ਕਿ ਗਰੀਬ ਦਾ ਇੱਕ ਪੈਸਾ ਵੀ ਨਾ ਮਾਰੋ।
ਸਭ ਵਿੱਚ ਇੱਕ ਰੱਬ ਦੇਖਣਾ
ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥
**ਅੰਗ 611**
ਅਰਥ – ਇੱਕੋ ਪਿਤਾ ਦੇ ਅਸੀਂ ਸਭ ਬੱਚੇ ਹਾਂ। ਜੇ ਪਿਤਾ ਇੱਕ ਹੈ ਤਾਂ ਗਰੀਬ-ਅਮੀਰ ਦਾ ਫਰਕ ਕਿਵੇਂ ਰਿਹਾ? ਇਸ ਲਈ ਹਰ ਗਰੀਬ ਵਿੱਚ ਆਪਣਾ ਭਰਾ ਦੇਖੋ।
ਗਰੀਬ ਨੂੰ ਦਿਲਾਸਾ
ਨਿਰਧਨ ਕਉ ਧਨੁ ਤੇਰੋ ਨਾਮੁ ॥ ਨਿਥਾਵੇ ਕਉ ਥਾਵੁ ਤੇਰੋ ਨਾਮੁ ॥
**ਅੰਗ 632**
ਅਰਥ – ਹੇ ਵਾਹਿਗੁਰੂ, ਤੇਰਾ ਨਾਮ ਹੀ ਨਿਰਧਨਾਂ ਦਾ ਧਨ ਹੈ ਅਤੇ ਨਿਆਸਰਿਆਂ ਦਾ ਆਸਰਾ ਹੈ। ਜਦੋਂ ਕੋਈ ਗਰੀਬ ਨੂੰ ਸਹਾਰਾ ਨਹੀਂ ਦਿੰਦਾ ਤਾਂ ਰੱਬ ਆਪ ਦਿੰਦਾ ਹੈ।
ਸਰਬੱਤ ਦਾ ਭਲਾ
ਵੰਦੌਂ ਸਤਿਗੁਰ ਚਰਨ ਧੂਰਿ ॥ ਆਦਿ ਪੁਰਖ ਕਾ ਲਖਉ ਕੂਰਿ ॥
ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ॥
ਇਹ ਸਿੱਖ ਦੀ ਰੋਜ਼ ਦੀ ਅਰਦਾਸ ਹੈ। ਸਾਡੀ ਚੜ੍ਹਦੀ ਕਲਾ ਤਾਂ ਹੀ ਹੈ ਜੇ ਸਰਬੱਤ ਦਾ ਭਲਾ ਹੈ, ਜਿਸ ਵਿੱਚ ਸਭ ਤੋਂ ਪਹਿਲਾਂ ਗਰੀਬ, ਦੁਖੀ ਅਤੇ ਲੋੜਵੰਦ ਆਉਂਦੇ ਹਨ।
ਭਾਈ ਘਨੱਈਆ ਜੀ ਵਾਲਾ ਸਿਧਾਂਤ
ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
**ਅੰਗ 1299**
ਅਰਥ – ਮੇਰਾ ਕੋਈ ਵੈਰੀ ਨਹੀਂ, ਕੋਈ ਬਿਗਾਨਾ ਨਹੀਂ, ਸਭ ਮੇਰੇ ਆਪਣੇ ਹਨ। ਇਸੇ ਸੋਚ ਨਾਲ ਭਾਈ ਘਨੱਈਆ ਜੀ ਨੇ ਜੰਗ ਵਿੱਚ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਇਆ ਸੀ।
ਅਖੀਰ ਚ ਸਾਰ ਇਹੀ ਹੈ ਗੁਰਬਾਣੀ ਅਨੁਸਾਰ ਗਰੀਬ ਨੂੰ ਕੁਝ ਦੇ ਕੇ ਅਸੀਂ ਉਸ ਉੱਤੇ ਅਹਿਸਾਨ ਨਹੀਂ ਕਰਦੇ, ਅਸੀਂ ਆਪਣੀ ਹੀ ਕਮਾਈ ਨੂੰ ਸਫਲ ਕਰਦੇ ਹਾਂ।

## ਨੌਵੀਂ 'ਚ ਪੜ੍ਹਦੇ ਸਿੱਖ ਬੱਚੇ ਦਾ ਝੂਠਾ ਪੁਲਿਸ ਮੁਕਾਬਲਾ...






ਖਾੜਕੂਵਾਦ ਨੂੰ ਖ਼ਤਮ ਕਰਨ ਦੀ ਆੜ ਹੇਠ ਭਾਰਤ ਸਰਕਾਰ ਦੇ ਹਿੰਦੂ ਹੁਕਮਰਾਨਾਂ ਦੇ ਹੁਕਮ 'ਤੇ ਪੰਜਾਬ ਪੁਲੀਸ ਨੇ ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਘਰਾਂ, ਖੇਤਾਂ ਅਤੇ ਦੁਕਾਨਾਂ 'ਚੋਂ ਚੁੱਕ ਕੇ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰ ਮੁਕਾਇਆ। ਉਹਨੀਂ ਦਿਨੀਂ ਸਿੱਖ ਜਵਾਨੀ ਦੇ ਖੂਨ ਨਾਲ਼ ਹੋਲੀ ਖੇਡ ਕੇ ਆਪਣੇ ਮੋਢਿਆਂ 'ਤੇ ਸਟਾਰ, ਫੀਤੀਆਂ ਅਤੇ ਮੈਡਲ ਲਗਵਾਉਣ ਤੇ ਇਨਾਮ ਪ੍ਰਾਪਤ ਕਰਨ ਲਈ ਪੁਲੀਸ ਅਫ਼ਸਰਾਂ 'ਚ ਦੌੜ ਲੱਗੀ ਹੋਈ ਸੀ। ਪੁਲੀਸ ਇੱਕ ਖੂੰਖਾਰ ਜਾਨਵਰਾਂ ਦਾ ਰੂਪ ਧਾਰਨ ਕਰ ਚੁੱਕੀ ਸੀ। ਰਿਆਲੀ ਪਿੰਡ ਦਾ ਇੱਕ ਨੌਜਵਾਨ ਗੁਰਦੇਵ ਸਿੰਘ ਸੋਨਾ ਜੋ ਅਜੇ ਨੌਵੀਂ ਕਲਾਸ 'ਚ ਪੜ੍ਹਦਾ ਸੀ, 14 ਕੁ ਸਾਲ ਉਮਰ ਸੀ, ਉਸ ਦੇ ਅਜੇ ਦਾੜ੍ਹੀ ਵੀ ਨਹੀਂ ਸੀ ਫੁੱਟੀ ਪਰ ਪੁਲੀਸ ਨੇ ਉਸ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾ ਲਿਆ ਤੇ ਉਸ ਨੂੰ ਇੱਕ ਖਤਰਨਾਕ ਖਾੜਕੂ ਕਹਿ ਕੇ ਝੂਠੇ ਪੁਲੀਸ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ। ਜਦ ਮੈਂ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਦੇ ਪਿੰਡ ਰਿਆਲੀ ਕਲਾਂ 'ਚ ਸ਼ਹੀਦਾਂ ਦਾ ਇਤਿਹਾਸ ਲਿਖਣ ਗਿਆ ਤਾਂ ਮੇਰੀ ਮੁਲਾਕਾਤ ਭਾਈ ਗੁਰਦੇਵ ਸਿੰਘ ਸੋਨਾ ਦੇ ਪਿਤਾ ਸ. ਲੱਖਾ ਸਿੰਘ ਨਾਲ ਹੋਈ ਤੇ ਉਹਨਾਂ ਨੇ ਭੁੱਬਾਂ ਮਾਰ ਰੋਂਦੇ ਹੋਏ ਦਰਦਭਰੀ ਗਾਥਾ ਮੈਨੂੰ ਸੁਣਾਈ।

ਉਹਨਾਂ ਦੱਸਿਆ ਕਿ 17 ਜੁਲਾਈ 1989 ਨੂੰ ਸਾਡੇ ਘਰ ਪੁਲੀਸ ਆਈ ਤੇ ਥਾਣੇਦਾਰ ਅਜਾਇਬ ਸਿਹੁੰ ਤੇ ਕਿਰਪਾਲ ਸਿਹੁੰ ਮੇਰੀ ਘਰਵਾਲੀ ਨੂੰ ਮੰਦਾ ਬੋਲਣ ਲਗ ਪਏ। ਜਦ ਮੈਂ ਅੱਗੇ ਹੋਇਆ ਤਾਂ ਅਜਾਇਬ ਸਿਹੁੰ ਕਹਿੰਦਾ ਕਿ "ਸੋਨਾ ਕਿੱਥੇ ਐ ?" ਅਸੀਂ ਕਿਹਾ "ਕੀ ਹੋਇਆ ਜਨਾਬ।" ਕਹਿੰਦਾ "ਹੁਣੀਂ ਪੇਸ਼ ਕਰਾਓ ਉਹਨੂੰ।" ਮੈਂ ਸੋਨੇ ਨੂੰ ਆਵਾਜ਼ ਮਾਰੀ, ਓਦੋਂ ਅਸੀਂ ਝੋਨਾ ਲਾ ਰਹੇ ਸੀ ਤੇ ਏਨੇ ਚਿਰ ਨੂੰ ਮੇਰੀ ਬੇਟੀ ਉਹਨਾਂ ਵਾਸਤੇ ਪਾਣੀ ਲੈ ਕੇ ਆਈ ਤੇ ਅਜਾਇਬ ਸਿਹੁੰ ਨੇ ਉਹਨੂੰ ਗੁੱਤੋਂ ਫੜ ਲਿਆ ਤੇ ਪਾਣੀ ਵਗਾਹ ਕੇ ਮਾਰਿਆ। ਉਹ ਸਾਡੇ ਸਾਹਮਣੇ ਸੋਨੇ ਨੂੰ ਜੀਪ 'ਚ ਬਿਠਾ ਕੇ ਲੈ ਗਏ। ਅਸੀਂ ਸਮਝਿਆ ਕਿ ਪੁੱਛ-ਗਿੱਛ ਕਰ ਕੇ ਹੁਣੀਂ ਜਾਂ ਸਵੇਰੇ ਛੱਡ ਦੇਣਗੇ। ਪਰ ਬਾਅਦ 'ਚ ਸੋਨੇ ਨੂੰ ਬਟਾਲੇ ਦੇ ਬੀਕੋ ਬੁੱਚੜਖਾਨੇ ਅਤੇ ਅੰਮ੍ਰਿਤਸਰ ਦੇ ਮਾਲ ਮੰਡੀ ਬੁੱਚੜਖਾਨੇ ਲਿਜਾ ਕੇ ਘੋਰ ਤਸੀਹੇ ਦਿੱਤੇ ਗਏ, ਉਸ ਬੱਚੇ ਦੇ ਨਹੁੰ ਵੀ ਖਿੱਚ ਦਿੱਤੇ। ਪਿਤਾ ਨੇ ਦੱਸਿਆ ਕਿ ਮੈਂ ਸੋਨੇ ਨੂੰ ਛੁਡਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਮੈਂ ਕਈ ਵਾਰ ਐੱਸ.ਐੱਸ.ਪੀ. ਗੋਬਿੰਦ ਰਾਮ ਨੂੰ ਮਿਲਣ ਗਿਆ ਪਰ ਉਹ ਕਹਿੰਦਾ ਕਿ "ਅਸੀਂ ਤਾਂ ਰਿਆਲੀ ਪਿੰਡ ਦਾ ਕੋਈ ਮੁੰਡਾ ਫੜਿਆ ਹੀ ਨਹੀਂ।"

ਫਿਰ ਮੈਂ ਪਿੰਡ ਦੇ ਬ੍ਰਾਹਮਣਾਂ ਨੂੰ ਵੀ ਇਕੱਠਿਆਂ ਕਰਕੇ ਥਾਣੇ ਅਤੇ ਐੱਸ.ਐੱਸ.ਪੀ. ਦੇ ਦਫ਼ਤਰ ਲੈ ਕੇ ਗਿਆ ਪਰ ਕਿਸੇ ਨੇ ਸਾਡੀ ਇੱਕ ਨਾ ਸੁਣੀ। ਤੇ ਇੱਕ ਥਾਣੇਦਾਰ ਸਾਨੂੰ ਕਹਿੰਦਾ "ਚੁੱਪ ਕਰਕੇ ਇੱਥੋਂ ਚਲੇ ਜਾਓ, ਨਹੀਂ ਤਾਂ ਤੁਹਾਨੂੰ ਵੀ ਚੁੱਕ ਕੇ ਅੰਦਰ ਕਰ ਦੂੰ।" ਅਸੀਂ ਪ੍ਰਤਾਪ ਸਿੰਘ ਬਾਜਵਾ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਕਈ ਹੋਰ ਲੀਡਰਾਂ ਨੂੰ ਵੀ ਮਿਲ਼ੇ ਪਰ ਪੁਲੀਸ ਕੋਈ ਹੱਥ-ਪੱਲਾ ਹੀ ਨਹੀਂ ਸੀ ਫੜਾਉਂਦੀ। ਸ. ਲੱਖਾ ਸਿੰਘ ਕਹਿੰਦੇ ਕਿ "ਜੇ ਮੇਰੇ ਪੁੱਤ ਦਾ ਕੋਈ ਕਸੂਰ ਹੁੰਦਾ ਜਾਂ ਖਾੜਕੂਆਂ ਨਾਲ਼ ਰਲ਼ੇ ਹੋਣ ਦੀ ਜਾਂ ਓਹਦੀ ਕੋਈ ਐਹੋ ਜਿਹੀ ਗੱਲ ਹੁੰਦੀ, ਉਸ ਕੋਲ ਕੋਈ ਹਥਿਆਰ ਹੁੰਦਾ ਤਾਂ ਮੈਂ ਉਹਨੂੰ ਆਪ ਹੀ ਆਸੇ-ਪਾਸੇ ਕਰ ਦਿੰਦਾ ਪਰ ਉਹ ਤਾਂ ਵਿਚਾਰਾਂ ਬੜਾ ਭੋਲ਼ਾ ਸੀ। ਬੁੱਚੜਖਾਨਿਆਂ 'ਚ ਘੋਰ ਤਸੀਹੇ ਦੇਣ ਤੋਂ ਬਾਅਦ ਸੋਨੇ ਨੂੰ ਪੁਲੀਸ ਉਸ ਦੇ ਨਾਨਕਿਆਂ ਦੇ ਪਿੰਡ ਸੂਰੋਂ ਪੱਡਾ ਲੈ ਗਈ। ਉਸ ਦਿਨ ਮਾਮਾ ਜੀ ਅਤੇ ਨਾਨਾ ਜੀ ਤਾਂ ਘਰ ਨਹੀਂ ਸਨ। ਪੁਲੀਸ ਵਾਰ-ਵਾਰ ਕਹੀ ਜਾਵੇ ਕਿ ਹਥਿਆਰਾਂ ਬਾਰੇ ਦੱਸ। ਪਰ ਸੋਨੇ ਕੋਲ ਕੁਝ ਹੈ ਹੀ ਨਹੀਂ ਸੀ, ਨਾ ਉਸ ਨੂੰ ਕੁਝ ਪਤਾ ਸੀ।

ਫਿਰ ਪੁਲੀਸ ਆਪ ਹੀ ਘਰ ਦੀ ਤਲਾਸ਼ੀ ਕਰਨ ਲਗ ਪਈ ਤੇ ਜਦ ਉਸ ਪੁਰਾਣੇ ਜਿਹੇ ਘਰ ਦੇ ਇੱਕ ਕਮਰੇ ਦਾ ਜਿੰਦਰਾ ਤੋੜਿਆ ਤਾਂ ਪੁਲੀਸ ਦੇ ਭੂੰਡਾਂ ਦੀ ਖੱਖਰ ਲੜ ਗਈ। ਜਿਸ ਤੋਂ ਗੁੱਸੇ 'ਚ ਆ ਕੇ ਪੁਲੀਸ ਨੇ ਸੋਨੇ ਦੀ ਮਾਮੀ ਦੇ ਸਾਹਮਣੇ ਦਰਖ਼ਤ ਤੋਂ ਇੱਕ ਡਾਹਣਾ ਤੋੜਿਆ ਤੇ ਸੋਨੇ ਨੂੰ ਕੁੱਟ-ਕੁੱਟ ਕੇ ਓਥੇ ਹੀ ਅੱਧ-ਮੋਇਆ ਕਰ ਦਿੱਤਾ ਤੇ ਗੱਡੀ 'ਚ ਸੁੱਟ ਲਿਆ। ਫਿਰ 24 ਜੁਲਾਈ 1989 ਦੀ ਰਾਤ ਨੂੰ ਵਡਾਲਾ ਗ੍ਰੰਥੀਆਂ ਕੋਲ਼ ਸੂਏ ਦੇ ਪੁਲ਼ ਉੱਤੇ ਉਸ ਨੂੰ ਇੱਕ ਝੂਠੇ ਪੁਲੀਸ ਮੁਕਾਬਲੇ 'ਚ ਪਿੰਡ ਰਿਆਲੀ ਦੇ ਹੀ ਇੱਕ ਜੁਝਾਰੂ ਭਾਈ ਕੰਵਲਜੀਤ ਸਿੰਘ ਛਿੰਦਾ ਨਾਲ਼ ਸ਼ਹੀਦ ਕਰ ਦਿੱਤਾ ਤੇ ਫਿਰ ਅਖ਼ਬਾਰਾਂ 'ਚ ਭਾਈ ਗੁਰਦੇਵ ਸਿੰਘ ਸੋਨਾ ਨੂੰ ਅਣਪਛਾਤਾ ਕਰਾਰ ਦੇ ਦਿੱਤਾ।

ਸ. ਲੱਖਾ ਸਿੰਘ ਕਹਿੰਦੇ ਕਿ "ਸਾਡੇ ਪੁੱਤ ਦੀ ਤਾਂ ਸਾਨੂੰ ਲਾਸ਼ ਵੀ ਨਾ ਮਿਲ਼ੀ। ਉਹ ਮੇਰੇ ਨਾਲ਼ ਖੇਤਾਂ 'ਚ ਕੰਮ ਕਰਵਾਉਂਦਾ ਸੀ, ਪੱਠੇ ਲਿਆਉਂਦਾ ਸੀ, ਮੇਰੇ ਨਾਲ਼ ਹੀ ਸੌਂਦਾ ਸੀ, ਉਹਨੇ ਤਾਂ ਕਦੇ ਚਿੜੀ ਵੀ ਨਹੀਂ ਸੀ ਮਾਰੀ ਪਰ ਜ਼ਾਲਮਾਂ ਨੇ ਉਸ ਨੂੰ ਖਤਰਨਾਕ ਦਹਿਸ਼ਤਗਰਦ ਐਲਾਨ ਦਿੱਤਾ ਤੇ ਸਾਡਾ ਹੀਰੇ ਵਰਗਾ ਪੁੱਤ ਸਾਡੇ ਤੋਂ ਖੋਹ ਲਿਆ। ਫਿਰ ਅਸੀਂ ਪੁਲੀਸ ਉੱਤੇ ਵਕੀਲ ਰਾਜਵਿੰਦਰ ਸਿੰਘ ਬੈਂਸ ਰਾਹੀਂ ਕੇਸ ਵੀ ਕੀਤਾ ਜਿਸ ਦੀ ਸੁਣਵਾਈ ਚਲਦੀ ਰਹੀ। ਪਰ ਪੁਲੀਸ ਨੇ ਸਾਨੂੰ ਬੜਾ ਪ੍ਰੇਸ਼ਾਨ ਕੀਤਾ, ਸਾਡੇ ਉੱਤੇ ਬੜਾ ਦਬਾਅ ਬਣਾਇਆ, ਰੋਜ਼-ਰੋਜ਼ ਸਾਈਨ ਕਰਨ ਲਈ ਥਾਣੇ ਬੁਲਾ ਲਿਆ ਜਾਂਦਾ, ਕਦੇ ਪੁਲੀਸ ਘਰੇ ਆ ਕੇ ਬੈਠੀ ਰਹਿੰਦੀ, ਰਾਜ਼ੀਨਾਮੇ ਲਈ ਕਹਿੰਦੇ ਜਿਸ ਤੋਂ ਮੈਂ ਬਹੁਤ ਤੰਗ ਆਇਆ ਅਤੇ ਉੱਤੋਂ ਕੇਸ ਦੀ ਪੈਰਵਾਈ ਕਰਨ ਵਾਲ਼ੇ ਮੇਰੇ ਜਵਾਈ ਦਾ ਪਾਸਪੋਰਟ ਵੀ ਸਰਕਾਰ ਨੇ ਇਸੇ ਕਾਰਨ ਰੋਕ ਦਿੱਤਾ। ਜਿਸ ਤੋਂ ਬਾਅਦ ਅਸੀਂ ਕੇਸ ਹੀ ਵਾਪਸ ਲੈ ਲਿਆ ਕਿ ਹੁਣ ਪੁੱਤ ਤਾਂ ਵਾਪਸ ਮਿਲ਼ਣਾ ਨਹੀਂ, ਤੇ ਨਾ ਹੀ ਅਦਾਲਤਾਂ 'ਚੋਂ ਇਨਸਾਫ਼ ਮਿਲ਼ਣਾ ਹੈ, ਬਸ ਖੱਜਲ-ਖੁਆਰੀ ਹੀ ਹੈ ਜਿੰਨੀ ਮਰਜੀ ਝੱਲੀ ਜਾਓ। ਪੰਜਾਬ ਵਿੱਚ ਅਨੇਕਾਂ ਸ਼ਹੀਦਾਂ ਦੇ ਪਰਿਵਾਰਾਂ ਦੀ ਅਜਿਹੀ ਦਾਸਤਾਨ ਹੈ। ਨੋਟ:- ਸ਼ਹੀਦਾਂ ਬਾਰੇ ਹੋਰ ਜਾਣਕਾਰੀ ਲਈ ਦਾਸ ਵੱਲੋਂ ਲਿਖੀਆਂ ਤਵਾਰੀਖ ਸ਼ਹੀਦ ਏ ਖ਼ਾਲਿਸਤਾਨ (ਭਾਗ ਤਿੰਨ) ਕਿਤਾਬਾਂ ਪੜ੍ਹੋ ਸੰਗਤ ਜੀ।

## ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ

ਮੇਰੀ ਅੱਖੀਆਂ ਦਾ ਸੱਜਣਾਂ ਨੂਰ ਹੈ ਤੂੰ
ਕੀ ਹੋਇਆ ਨਜ਼ਰਾਂ ਤੋਂ ਦੂਰ ਹੈ ਤੂੰ ।

ਮੇਰੇ ਦਿੱਲ ਵਿੱਚ ਹਰ ਪੱਲ ਮੌਜੂਦ ਹੈ ਤੂੰ
ਕੀ ਹੋਇਆ ਜੇ ਮੇਰੇ ਨਹੀਂ ਕੋਲ ਹੈ ਤੂੰ

ਤੇਰੇ ਨਾਮ ਦੇ ਗੀਤ ਮੈਂ ਲਿਖਦੀ ਰਹਿੰਦੀ ਹਾਂ
ਕੀ ਹੋਇਆ ਜੇ ਗੁਣਗੁਣਾਉਣਾ ਨਹੀਂ ਆਉਂਦਾ ਮੈਨੂੰ

ਤੈਨੂੰ ਇਕ ਨਜ਼ਰ ਦੇਖਣ ਦੇ ਲਈ
ਹਰ ਪੱਲ ਬੇਚੈਨ ਮੈਂ ਰਹਿੰਦੀ ਹਾਂ

ਤੇਰੇ ਇਸ਼ਕੇ ਦਾ ਅਹਿਸਾਸ ਹੈ ਕਿੰਨਾ ਪਿਆਰਾ
ਹਰ ਵੇਲੇ ਮੰਦ ਮੰਦ ਮੁਸਕਰਾਉਂਦੀ ਰਹਿੰਦੀ ਹਾਂ

ਹਰ ਪੱਲ ਉੱਠਦੀ ਬਹਿੰਦੀ ਸੌਂਦੇ ਜਾਗਦੇ ਵੀ
ਤੇਰੇ ਨਾਮ ਦੀ ਮਾਲਾ ਜੱਪਦੀ ਰਹਿੰਦੀ ਹਾਂ

ਤੇਰੇ ਇਸ਼ਕੇ ਦਾ ਕੈਸਾ ਰੋਗ ਅੱਵਲੜਾ ਲੱਗਾ ਏ
ਪੀ ਇਸ਼ਕੇ ਦਾ ਦਾਰੂ ਲੋਰ ਵਿੱਚ ਝੂਮਦੀ ਰਹਿੰਦੀ ਹਾਂ

ਇਸ਼ਕੇ ਦੀ ਮਸਤੀ ਦੇ ਆਲਮ ਵਿੱਚ ਮੈਂ ਬੁੱਲੇ ਸ਼ਾਹ ਨੂੰ
ਦੀਵਾਨਿਆਂ ਵਾਂਗ ਗੁਣਗੁਣਾਉਂਦੀ ਰਹਿੰਦੀ ਹਾਂ

"ਬਹੁੜੀਂ ਵੇ ਤਬੀਬਾ ਮੈਂਡੀ ਜਿੰਦ ਗਈਆ ।
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ ।




## ਸਦੀਵੀ ਵਿਛੋੜੇ-ਸ. ਗੁਰਬਚਨ ਸਿੰਘ ਚਿੰਤਕ(ਕੈਂਬੋ)






ਪੰਜਾਬੀ ਲੇਖਕ ਤੇ ਪਿਆਰੇ ਵੱਡੇ ਵੀਰ ਸ. ਗੁਰਬਚਨ ਸਿੰਘ ਚਿੰਤਕ(ਕੈਂਬੋ) ਦੇ ਸਦੀਵੀ ਵਿਛੋੜੇ ਦੀ ਸੂਚਨਾ ਵੀਰ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਦਿੱਤੀ ਹੈ। ਮੋਗਾ ਦੇ ਜੰਮਪਲ ਸ. ਗੁਰਬਚਨ ਸਿੰਘ ਚਿੰਤਕ 20 ਅਕਤੂਬਰ 1935 ਨੂੰ ਪੈਦਾ ਹੋਏ ਤੇ 20 ਜੁਲਾਈ 2026 ਨੂੰ ਸਾਡਾ ਸਾਥ ਛੱਡ ਗਏ। ਸ. ਚਿੰਤਕ ਨਾਲ ਪਹਿਲੀ ਮੁਲਾਕਾਤ 2003 ਵਿੱਚ ਮਾਸਟਰ ਹਰਚਰਨ ਸਿੰਘ ਰਾਮੂਵਾਲੀਆ ਨੇ ਕਰਵਾਈ ਸੀ। ਉਨ੍ਹਾਂ ਦੇ ਪਹਿਲੇ ਕਾਵਿ ਸੰਗ੍ਰਹਿ ਦਾ ਮੁੱਖ ਬੰਦ ਲਿਖਣ ਦਾ ਮਾਣ ਵੀ ਉਨ੍ਹਾਂ ਮੈਨੂੰ ਦਿੱਤਾ। ਉਹ ਆਪਣੀ ਹਰ ਭਾਰਤ ਫੇਰੀ ਦੌਰਾਨ ਹੀ ਮੈਨੂੰ ਘਰ ਆ ਕੇ ਮਿਲਦੇ। ਚੰਗਾ ਲੱਗਦਾ।

ਪਿਛਲੀ ਫੇਰੀ ਵੇਲੇ ਉਨ੍ਹਾਂ ਨਾਲ ਸ਼ਾਇਰ ਮਹਿੰਦਰ ਸਾਥੀ ਵੀ ਸੀ। ਆਪਣੀ ਸਵੈਜੀਵਨੀ ਦੇ ਕੇ ਗਏ ਸਨ। ਸਾਥੀ ਉਨ੍ਹਾਂ ਦਾ ਬਾਲ ਸਖਾ ਮਿੱਤਰ ਸੀ। ਦੋਵੇਂ ਸਾਨੂੰ ਅੱਗੜ ਪਿੱਛੜ ਵਿਛੋੜਾ ਦੇ ਗਏ। ਮੇਰੇ ਕਹਿਣ ਤੇ ਹੀ ਉਨ੍ਹਾਂ ਕਈ ਸਾਲ ਪਹਿਲਾਂ ਅਜਮੇਰ ਗਿੱਲ ਦੀ ਗ਼ਜ਼ਲ ਪੁਸਤਕ ਛਪਵਾਉਣ ਵਿੱਚ ਆਰਥਿਕ ਮਦਦ ਵੀ ਕੀਤੀ ਸੀ।

ਮਨ ਉਦਾਸ ਹੋ ਗਿਆ ਵੀਰ ਦੇ ਵਿੱਛੜਨ ਦੀ ਖ਼ਬਰ ਸੁਣ ਕੇ। 24 ਜੁਲਾਈ ਨੂੰ ਉਨ੍ਹਾਂ ਨੂੰ ਟੋਰੰਟੋ ਵਿੱਚ ਸਦੀਵੀ ਅਲਵਿਦਾ ਕਹੀ ਜਾਵੇਗੀ। ਮਿੱਤਰ ਦੇ ਜਾਣ ਤੇ ਪ੍ਰੋ. ਮੋਹਨ ਸਿੰਘ ਜੀ ਦਾ ਸ਼ਿਅਰ ਚੇਤੇ ਆ ਰਿਹੈ।

ਫੁੱਲ ਹਿੱਕ ਵਿੱਚ ਜੰਮੀ ਪਲ਼ੀ ਖੁਸ਼ਬੂ ਜਾਂ ਉੱਡ ਗਈ,
ਅਹਿਸਾਸ ਹੋਇਆ ਫੁੱਲ ਨੂੰ ਰੰਗਾਂ ਦੇ ਭਾਰ ਦਾ।